# ਜਮਾਤ-ਨੌਵੀਂ
# ਪੰਜਾਬੀ -ਬੀ

ਸਮਾਂ: 3 ਘੰਟੇ

ਲਿਖਤੀ= 65 ਅੰਕ
ਆਂਤਰਿਕ ਮੁਲਾਂਕਣ= 10 ਅੰਕ
ਕੁੱਲ ਅੰਕ= 75 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 05 |
| 2. | **ਲੇਖ,ਚਿੱਠੀਆਂ,ਪੈਰਾ ਰਚਨਾ,ਮੁਹਾਵਰੇਦਾਰ ਵਾਕੰਸ਼/ਅਖਾਉਤਾਂ** | 27 |
| 3. | **ਵਿਆਕਰਨ** | 33 |
| | **ਕੁੱਲ ਅੰਕ** | 65 |

ਪਾਠ-ਕ੍ਰਮ

1. ਲੇਖ:(ੳ) ਜੀਵਨੀਆਂ (ਅ) ਸਮਾਜਿਕ ਜੀਵਨ ਦੀਆਂ ਸਮੱਸਿਆਵਾਂ (ੲ) ਵਿਗਿਆਨ ਸੰਬੰਧੀ (ਸ) ਤਿਉਹਾਰ ਅਤੇ ਮੇਲੇ।
2. ਚਿੱਠੀਆਂ/ਅਰਜ਼ੀਆਂ-ਨਿੱਜੀ ਦਫ਼ਤਰੀ ਅਤੇ ਫੁਟਕਲ।
3. ਪੈਰਾ ਰਚਨਾ।
4. ਭਾਸ਼ਾ ਅਤੇ ਪੰਜਾਬੀ ਭਾਸ਼ਾ: ਪਰਿਭਾਸ਼ਾ, ਪੰਜਾਬ ਦੀਆਂ ਉੱਪ-ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ।
5. ਵਿਆਕਰਨ: ਪਰਿਭਾਸ਼ਾ, ਮੰਤਵ, ਅੰਗ।
6. ਮੁਹਾਵਰੇਦਾਰ ਵਾਕੰਸ਼/ਅਖਾਉਤਾਂ।
7. ਕਾਰਕ ਅਤੇ ਉਸਦੀਆਂ ਕਿਸਮਾਂ।
8. ਵਾਕ ਬੋਧ ਦੇ ਹਿੱਸੇ, ਵਾਕ ਦੀਆਂ ਕਿਸਮਾਂ /ਵਾਕ-ਵਟਾਂਦਰਾ, ਪਦ-ਵੰਡ
9. ਸ਼ਬਦ ਰਚਨਾ/ਸਮਾਸੀ ਸ਼ਬਦ
10. ਸ਼ਬਦ ਜੋੜਾਂ ਦੀ ਅਮਲੀ ਵਰਤੋਂ ਸ਼ਬਦ ਜੋੜਾਂ ਵਿੱਚ ਬਿੰਦੀ ਟਿੱਪੀ ਅਧਕ ਦੀ ਵਰਤੋਂ ਨਾਲ ਪੈਂਦੇ ਫਰਕ ਬਾਰੇ ਜਾਣਕਾਰੀ
11. ਅਗੇਤਰ-ਪਿਛੇਤਰ

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਕੁੱਲ ਅੰਕ (ਲਿਖਤੀ)=65

ਨੋਟ:

(1) 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-65 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(2) ਪ੍ਰਸ਼ਨ-ਪੱਤਰ ਦੇ ਕੁੱਲ 11 ਪ੍ਰਸ਼ਨ ਹੋਣਗੇ।

(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

ਪੇਪਰ ਸੈੱਟਰ ਲਈ ਵਿਸ਼ੇਸ਼ ਹਦਾਇਤਾਂ

ਪ੍ਰਸ਼ਨ 1. ਵਿਆਕਰਨ ਭਾਗ ਵਿੱਚੋਂ 10 ਵਸਤੂ ਨਿਸ਼ਠ-ਪ੍ਰਸ਼ਨ ਪੁੱਛੇ **ਜਾਣਗੇ।**

10 ਅੰਕ

(ਇਹ ਪ੍ਰਸ਼ਨ ਸਿਲੇਬਸ ਦੇ ਲੜੀ ਨੰ: 4 ਤੋਂ 11 ਤੱਕ ਵਾਲੇ ਭਾਗ ਵਿੱਚੋਂ ਹੋਣਗੇ। )

ਪ੍ਰਸ਼ਨ 2. ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲਗ-ਪਗ 500 ਸ਼ਬਦਾਂ ਦਾ ਲੇਖ ਲਿਖਣ ਲਈ ਕਿਹਾ ਜਾਵੇਗਾ। 6 **ਅੰਕ**

ਪ੍ਰਸ਼ਨ 3. ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। 6 **ਅੰਕ**

ਪ੍ਰਸ਼ਨ 4. **ਪੈਰਾ** ਰਚਨਾ: ਕਿਸੇ ਵਿਚਾਰ ਦਾ ਵਿਸਥਾਰ,ਕਿਸੇ ਤੁਕ ਦੀ ਵਿਆਖਿਆ ਜਾ ਕਿਸੇ ਸਥਿਤੀ ਅਨੁਸਾਰ ਪੈਰਾ ਰਚਨਾ ਕਰਨਾ। 5 **ਅੰਕ**

ਪ੍ਰਸ਼ਨ 5. ਮੁਹਾਵਰੇਦਾਰ ਵਾਕੰਸ਼/ ਅਖਾਉਤਾਂ ਕੋਈ 7 ਮੁਹਾਵਰੇ ਵਾਕੰਸ਼/ ਅਖਾਉਤਾਂ ਦੇ ਕੇ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ। 2*5=**10 ਅੰਕ**

ਪ੍ਰਸ਼ਨ 6. ਕਾਰਕ ਜਾਂ ਉਸਦੀਆਂ ਕਿਸਮਾਂ ਦੀ ਪਰਿਭਾਸ਼ਾ ਬਾਰੇ ਦੋ ਪ੍ਰਸ਼ਨ ਪੁੱਛ ਕੇ ਇੱਕ ਕਰਨ ਲਈ ਕਿਹਾ ਜਾਵੇਗਾ। 4 **ਅੰਕ**

ਪ੍ਰਸ਼ਨ 7 (ੳ) ਭਾਸ਼ਾ ਅਤੇ ਪੰਜਾਬੀ ਭਾਸ਼ਾ ਦੀ ਪਰਿਭਾਸ਼ਾ, ਪੰਜਾਬੀ ਦੀਆਂ ਉਪ-ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ ਬਾਰੇ ਦੋ ਪ੍ਰਸ਼ਨ ਪੁੱਛੇ ਜਾਣਗੇ।

2*2=**4 ਅੰਕ**

(ਅ) ਵਿਆਕਰਨ ਦੀ ਪਰਿਭਾਸ਼ਾ, ਮੰਤਵ ਅਤੇ ਅੰਗ ਬਾਰੇ 3 ਪ੍ਰਸ਼ਨ ਪੁੱਛੇ ਜਾਣਗੇ।

**1+1+1=3 ਅੰਕ**

ਪ੍ਰਸ਼ਨ 8 ਵਾਕਬੋਧ ਵਿੱਚੋਂ ਵਾਕ ਦੀਆਂ ਕਿਸਮਾਂ ਜਾਂ ਵਾਕ- ਵਟਾਂਦਰੇ ਬਾਰੇ ਦੋ ਸਵਾਲ ਪੁੱਛ ਕੇ ਇੱਕ ਕਰਨ ਲਈ ਕਿਹਾ ਜਾਵੇਗਾ। 3 **ਅੰਕ**

ਪ੍ਰਸ਼ਨ 9. ਸ਼ਬਦ ਰਚਨਾ/ਸਮਾਸੀ ਸ਼ਬਦ ਸੰਬੰਧੀ ਦੋ ਪ੍ਰਸ਼ਨ ਪੁੱਛ ਕੇ ਇੱਕ ਕਰਨ ਲਈ ਕਿਹਾ ਜਾਵੇਗਾ। 3 **ਅੰਕ**

ਪ੍ਰਸ਼ਨ 19. ਸ਼ਬਦ ਜੋੜਾਂ ਸੰਬੰਧੀ ਦੋ ਵਾਕ ਦੇ ਕੇ ਉਹਨਾਂ ਵਿਚਲੇ ਸ਼ਬਦ ਜੋੜ ਠੀਕ ਕਰਨ ਲਈ ਕਿਹਾ ਜਾਵੇਗਾ। ਕੁੱਲ ਸੋਧਾਂ 3 ਕਰਨੀਆਂ ਹੋਣਗੀਆਂ। 3 **ਅੰਕ**

ਪ੍ਰਸ਼ਨ 11. ਅਗੇਤਰ-ਪਿਛੇਤਰ ਲਗਾ ਕੇ ਸਾਰਥਕ ਸ਼ਬਦ ਬਣਾਉਣ ਲਈ ਕਿਹਾ ਜਾਵੇਗਾ 3 **ਅੰਕ**

## ਆਂਤਰਿਕ ਮੁਲਾਂਕਣ: 10 ਅੰਕ

### ਆਂਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ

| **ਲੜੀ ਨੰ.** | **ਆਂਤਰਿਕ ਮੁਲਾਂਕਣ ਦੀ ਰੂਪ-ਰੇਖਾ** | **ਅੰਕ** |
|---|---|---|
| 1. | **ਪ੍ਰੋਜੈਕਟ: ਪਾਠਕ੍ਰਮ ਦੇ 1-4 ਭਾਗ** ਦੇ ਆਧਾਰ 'ਤੇ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 01 ਚਾਰਟ<br>2. 01 ਸਕਰੈਪ ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | **05 ਅੰਕ**(1+2+2)<br>1 ਅੰਕ<br>2 ਅੰਕ<br>2 ਅੰਕ |
| 2. | **ਭਾਸ਼ਾਈ ਸਮਰਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>**ਪਾਠਕ੍ਰਮ ਦੇ 5-11 ਤਕ ਦੇ** ਭਾਗ ਨਾਲ ਸੰਬੰਧਿਤ। | 02 ਅੰਕ |
| 3. | **ਭਾਸ਼ਾਈ ਸਮਰਥਾ** (ਸਰਵਣ/ਸੁਣਨ-ਯੋਗਤਾ):<br>**ਪਾਠਕ੍ਰਮ ਦੇ 5-11 ਤਕ ਦੇ** ਭਾਗ ਨਾਲ ਸੰਬੰਧਿਤ। | 02 |
| 4. | **ਪੁਸਤਕ ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 01 |
| | | |
| | ਕੁੱਲ ਅੰਕ | 10 |

## ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ:** ਅਕਾਦਮਿਕ ਸਾਲ 2020-21 ਲਈ **9ਵੀਂ** ਤੋ **12ਵੀਂ ਸ਼੍ਰੇਣੀ** ਲਈ **Revised** ਸਿਲੇਬਸ।

ਵਿਸ਼ਵ ਭਰ ਵਿੱਚ Covid-19 ਮਹਾਂਮਾਰੀ ਦੇ ਮੱਦੇ **ਨਜ਼ਰ** ਸਕੂਲ ਬੰਦ ਹੋਣ ਕਾਰਨ ਵੱਖ-ਵੱਖ **ਸ਼੍ਰੇਣੀਆਂ** ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਇਆ **ਹੈ।** ਇਸ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਅਕਾਦਮਿਕ ਸਾਲ 2020-21 ਲਈ 9ਵੀਂ ਤੇ 12ਵੀਂ **ਸ਼੍ਰੇਣੀਆਂ** ਦੇ ਪਾਠਕ੍ਰਮ **ਨੂੰ** ਘਟਾਉਣ ਦਾ ਫੈਸਲਾ ਲਿਆ ਗਿਆ **ਹੈ।** ਸਿੱਖਣ ਪੱਧਰ ਦੀ ਮਹੱਤਤਾ **ਨੂੰ** ਮੁੱਖ ਰੱਖਦੇ ਹੋਏ ਸਿਲੇਬਸ ਇਸ ਢੰਗ ਨਾਲ ਘਟਾਉਣ ਦੀ **ਕੋਸ਼ਿਸ਼** ਕੀਤੀ ਗਈ **ਹੈ** ਕਿ **ਵਿਸ਼ੇ** ਦੇ ਮੂਲ ਸੰਕਲਪ **ਨੂੰ** ਹਾਨੀ ਨਾ ਪਹੁੰਚੇ।

ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਦੂਜੇ Topics ਨਾਲ ਰਾਬਤਾ ਰੱਖਣ ਲਈ ਲੋੜ ਅਨੁਸਾਰ ਵਿਦਿਆਰਥੀਆਂ **ਨੂੰ** ਘਟਾਏ ਗਏ Topics **ਨੂੰ** ਵੀ ਪੜ੍ਹਾਇਆ ਜਾਣਾ ਉਚਿਤ ਹੋਵੇਗਾ, **ਬੇਸ਼ੱਕ** ਇਹ Topics ਆਂਤਰਿਕ ਮੁਲਾਂਕਣ ਅਤੇ ਸਾਲਾਨਾ ਇਮਤਿਹਾਨਾਂ ਦਾ ਹਿੱਸਾ **ਨਹੀਂ** ਹੋਣਗੇ।

ਘਟਾਏ ਗਏ ਸਲੇਬਸ ਦਾ ਵੇਰਵਾ **ਹੇਠਾਂ** ਦਿੱਤਾ ਗਿਆ ਹੈ।

### ਵਿਸ਼ਾ-ਪੰਜਾਬੀ
### ਪੇਪਰ-ਬੀ
### ਘਟਾਇਆ ਗਿਆ ਪਾਠ-ਕ੍ਰਮ

1. ਲੇਖ:
   ਸਮਾਜਿਕ ਜੀਵਨ ਦੀਆਂ ਸਮੱਸਿਆਵਾਂ , ਵਿਗਿਆਨ ਸੰਬੰਧੀ
2. ਚਿੱਠੀਆਂ/ਅਰਜ਼ੀਆਂ- ਦਫ਼ਤਰੀ ਅਤੇ ਫੁਟਕਲ।
3. ਪੈਰਾ ਰਚਨਾ:**ਡਾਕੀਆ,ਇੱਕ ਆਦਰਸ਼ ਨੌਜੁਵਾਨ,ਸਮੇਂ ਦੀ ਪਾਬੰਧੀ,ਪਰੀਖਿਆ ਤੋਂ ਕੁਝ ਮਿੰਟ ਪਹਿਲਾਂ ਅਤੇ ਅਭਿਆਸੀ 5-6 ਤੱਕ ਪੈਰੇ।**
4. ਟਕਸਾਲੀ ਜਾਂ ਮਿਆਰੀ ਭਾਸ਼ਾ।
5. **ਅਖਾਉਤਾਂ ( 35-51 ਤੱਕ ਅਤੇ 30-50 ਤੱਕ ਅਭਿਆਸੀ)**
6. ਵਾਕ ਦੀਆਂ ਕਿਸਮਾਂ

ਨਿਰਧਾਰਿਤ ਪਾਠ-ਪੁਸਤਕ:

**ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ**

(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)